# ਅਨੁਵਾਦਕ ਵੱਲੋਂ

ਜੈਨ ਧਰਮ ਸੰਸਾਰ ਦਾ ਪ੍ਰਾਚੀਨ ਧਰਮ ਹੈ। ਇਸ ਦੇ ਸੰਸਥਾਪਕ ਭਗਵਾਨ ਰਿਸ਼ਵ ਦੇਵ ਤੋਂ ਭਗਵਾਨ ਮਹਾਂਵੀਰ ਤੱਕ 24 ਤੀਰਥੰਕਰ ਹੋਏ ਹਨ। ਜੈਨ ਧਰਮ ਇਕ ਸੁਤੰਤਰ ਧਰਮ ਹੈ। ਇਹ ਕਿਸੇ ਧਰਮ ਦਾ ਅੰਗ ਜਾਂ ਸ਼ਾਖਾ ਨਹੀਂ ਹੈ। ਜੈਨ ਧਰਮ ਦਾ ਆਪਣਾ ਇਤਿਹਾਸ, ਸਭਿਅਤਾ, ਸੰਸਕ੍ਰਿਤੀ, ਕਲਾ ਅਤੇ ਸਾਹਿਤ ਹੈ। ਜੈਨ ਅਚਾਰਿਆਂ ਨੇ ਭਿੰਨ-ਭਿੰਨ ਵਿਸ਼ਿਆਂ 'ਤੇ ਸਾਹਿਤ ਦੀ ਰਚਨਾ ਕੀਤੀ ਹੈ। ਜੋ ਭਾਰਤੀ ਸਾਹਿਤ ਦੀ ਅਨਮੋਲ ਸੰਪਤੀ ਹੈ। ਜੈਨ ਰਾਜਿਆਂ, ਮੰਤਰੀਆਂ, ਸ਼ਾਹੂਕਾਰਾਂ ਨੇ ਜੈਨ ਕਲਾ ਅਤੇ ਮੰਦਿਰਾਂ ਦਾ ਨਿਰਮਾਣ ਭਾਰਤ ਦੇ ਭਿੰਨ ਭਿੰਨ ਰਾਜਾਂ ਵਿਚ ਕੀਤਾ ਹੈ ਜੋ ਕਿ ਜੈਨ ਧਰਮ ਦੀ ਪੁਰਾਤਨਤਾ ਦੀ ਗਵਾਹੀ ਭਰਦੇ ਹਨ।

ਜੈਨ ਤੀਰਥੰਕਰਾਂ ਨੇ ਆਪਣਾ ਉਪਦੇਸ਼ ਉਸ ਸਮੇਂ ਦੀ ਲੋਕ ਭਾਸ਼ਾ "ਅਰਧ ਮਾਗਧੀ ਪ੍ਰਾਕ੍ਰਿਤ" ਭਾਸ਼ਾ ਵਿਚ ਦਿੱਤਾ ਸੀ। ਇਹ ਭਾਸ਼ਾ ਵਿਚ 11 ਅੰਗ ਸਮੇਤ 45 ਆਗਮ (ਗ੍ਰੰਥ) ਪ੍ਰਾਪਤ ਹੁੰਦੇ ਹਨ। ਇਨ੍ਹਾਂ ਗ੍ਰੰਥਾਂ ਤੇ ਸਮੇਂ ਸਮੇਂ ਸੰਸਕ੍ਰਿਤ, ਕੰਨੜ, ਪ੍ਰਾਕ੍ਰਿਤ, ਰਾਜਸਥਾਨੀ, ਗੁਜ਼ਰਾਤੀ, ਤਮਿਲ, ਤੇਲਗੂ, ਮਰਾਠੀ, ਬੰਗਾਲੀ, ਅੰਗਰੇਜ਼ੀ, ਜਰਮਨ, ਫ੍ਰੈਂਚ, ਜਾਪਾਨੀ ਭਾਸ਼ਾ ਵਿਚ ਸਾਹਿਤ ਲਿਖਿਆ ਗਿਆ ਹੈ। ਪਰ ਪਿਛਲੇ 2500 ਸਾਲ ਤੋਂ ਪੰਜਾਬੀ ਭਾਸ਼ਾ ਵਿਚ ਕਿਸੇ ਜੈਨ ਵਿਦਵਾਨ ਨੇ ਕੰਮ ਨਹੀਂ ਕੀਤਾ। ਭਗਵਾਨ ਮਹਾਂਵੀਰ ਦੇ 2500 ਸਾਲਾ ਨਿਰਵਾਨ ਮਹੋਤਸਵ ਦੇ ਅਵਸਰ ਤੇ ਸਾਡਾ ਧਿਆਨ ਇਸ ਵੱਲ

ਗਿਆ। ਇਹ ਸਾਲ ਜੈਨ ਧਰਮ ਲਈ ਬਹੁਤ ਸੁਭਾਗ ਵਾਲਾ ਸੀ। ਇਸ ਸਾਲ ਜੈਨ ਧਰਮ ਦੇ ਚਾਰੇ ਫ਼ਿਰਕਿਆਂ (ਸ਼ਵੇਤੰਬਰ ਮੂਰਤੀ ਪੂਜਕ, ਸ਼ਵੇਤੰਬਰ ਸਥਾਨਕ ਵਾਸੀ, ਸ਼ਵੇਤੰਬਰ ਤੇਰਾਂਪੰਥੀ ਅਤੇ ਦਿਗੰਬਰ) ਨੇ ਇਕ ਝੰਡਾ, ਇਕ ਪ੍ਰਤੀਕ ਅਤੇ ਇਕ ਗ੍ਰੰਥ (ਸਮਣ ਸੂਤਰ) ਨੂੰ ਮਾਨਤਾ ਦਿੱਤੀ।

ਇਕ ਗ੍ਰੰਥ ਦੀ ਰਚਨਾ ਸਰਵੋਦਿਯ ਨੇਤਾ ਵਿਨੋਬਾ ਭਾਵੇ ਨੇ ਦਿੱਤੀ ਸੀ। ਉਹਨਾਂ ਦੀ ਪ੍ਰੇਰਣਾ ਨਾਲ ਚਾਰੇ ਫ਼ਿਰਕਿਆਂ ਦੇ ਜੈਨ ਆਚਾਰਿਆ ਇਕੱਠੇ ਹੋਏ। ਇਹ ਆਚਾਰਿਆ ਸਨ : ਆਚਾਰਿਆ ਸ੍ਰੀ ਅਨੰਦ ਰਿਸ਼ੀ ਜੀ ਮਹਾਰਾਜ (ਸ਼ਵੇਤੰਬਰ ਸਥਾਨਕ ਵਾਸੀ), ਆਚਾਰਿਆ ਸ੍ਰੀ ਤੁਲਸੀ (ਸ਼ਵੇਤੰਬਰ ਤੇਰਾਂਪੰਥ), ਆਚਾਰਿਆ ਸ੍ਰੀ ਸਮੁੰਦਰ ਵਿਜੈ (ਸ਼ਵੇਤੰਬਰ ਮੂਰਤੀ ਪੂਜਕ) ਅਤੇ ਆਚਾਰਿਆ ਸ੍ਰੀ ਦੇਸ਼ ਭੂਸ਼ਣ (ਦਿਗੰਬਰ) ਜੀ ਨੇ ਫੈਸਲਾ ਕੀਤਾ ਕਿ ਜੈਨ ਧਰਮ ਦਾ ਇਕ ਸਰਬ ਮਾਨਯੋਗ ਗ੍ਰੰਥ ਤਿਆਰ ਕੀਤਾ ਜਾਵੇ। ਇਸ ਲਈ ਹਰ ਫਿਰਕੇ ਵਿਚੋਂ ਇਕ ਇਕ ਵਿਦਵਾਨ ਮੁਨੀ ਦਾ ਸੰਪਾਦਕੀ ਮੰਡਲ ਤਿਆਰ ਕੀਤਾ ਗਿਆ। ਇਹ ਮੁਨੀ ਸਨ : ਸ੍ਰੀ ਸੁਸ਼ੀਲ ਮੁਨੀ ਜੀ ਮਹਾਰਾਜ (ਸ਼ਵੇਤੰਬਰ ਸਥਾਨਕ ਵਾਸੀ), ਸ੍ਰੀ ਨੱਥ ਮੱਲ ਜੀ ਮਹਾਰਾਜ (ਸ਼ਵੇਤੰਬਰ ਤੇਰਾਂਪੰਥ ਹੁਣ ਆਚਾਰਿਆ ਮਹਾਪ੍ਰਗਿਆ), ਸ੍ਰੀ ਜਨਕ ਵਿਜੈ ਜੀ ਮਹਾਰਾਜ (ਸ਼ਵੇਤੰਬਰ ਮੂਰਤੀ ਪੂਜਕ) ਅਤੇ ਆਚਾਰਿਆ ਸ੍ਰੀ ਵਿੱਦਿਆ ਨੰਦ ਜੀ ਮਹਾਰਾਜ (ਦਿਗੰਬਰ)। ਦੋ ਸਾਲ ਦੀ ਕਠਿਨ ਮਿਹਨਤ ਤੋਂ ਬਾਅਦ ਇਕ ਸਹਿਮਤੀ ਤਿਆਰ ਹੋਈ ਜੋ ਕਿ "ਸਮਣ ਸੂਤਰ" ਸੀ। ਅਜਿਹੇ ਮਹੱਤਵਪੂਰਨ ਗ੍ਰੰਥ ਦਾ ਅਨੁਵਾਦ ਕਰਨਾ ਉਸ ਸਮੇਂ ਦੀ

ਬਹੁਤ ਵੱਡੀ ਜ਼ਰੂਰਤ ਸੀ। ਅਸੀਂ 1976 ਵਿਚ ਇਸ ਗ੍ਰੰਥ ਦਾ ਅਨੁਵਾਦ ਪੂਰਨ ਕਰ ਦਿੱਤਾ ਸੀ। ਪਰ ਕੁਝ ਕਾਰਨਾਂ ਕਰਕੇ ਇਹ ਅਨੁਵਾਦ ਪ੍ਰਕਾਸ਼ਿਤ ਨਹੀਂ ਹੋ ਸਕਿਆ। ਹੁਣ ਪੰਜਾਬ ਵਿਚ ਅਹਿੰਸਾ ਯਾਤਰਾ ਦੇ ਮੋਢੀ ਆਚਾਰਿਆ ਸ੍ਰੀ ਮਹਾਪ੍ਰਗਿਆ ਜੀ ਦੇ ਪੰਜਾਬ ਪਧਾਰਨ ਤੇ ਅਸੀਂ ਇਸ ਗ੍ਰੰਥ ਦਾ ਅਨੁਵਾਦ ਪ੍ਰਕਾਸ਼ਿਤ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਸ ਗ੍ਰੰਥ ਦਾ ਵਿਮੋਚਨ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋ ਰਿਹਾ ਹੈ, ਇਹ ਹੋਰ ਵੀ ਸੋਨੇ ਤੇ ਸੁਹਾਗੇ ਦੀ ਗੱਲ ਹੈ। ਇਸ ਗ੍ਰੰਥ ਦੇ ਪ੍ਰਕਾਸ਼ਨ ਲਈ ਸਾਨੂੰ ਸਰਬ ਸੇਵਾ ਸੰਘ ਬਨਾਰਸ ਦਾ ਸਹਿਯੋਗ ਪ੍ਰਾਪਤ ਹੋਇਆ ਹੈ ਅਤੇ ਇਸ ਗ੍ਰੰਥ ਦੇ ਸਕੰਲਨਕਾਰ ਸਵਰਗੀ ਸ੍ਰੀ ਸ਼ੁੱਲਕ ਜਿਨੇਂਦਰ ਵਰਨੀ ਦੀ ਸੰਸਥਾ ਜੋ ਕਿ ਪਾਣੀਪਤ ਵਿਚ ਹੈ, ਉਸ ਦੀ ਆਗਿਆ ਵੀ ਪ੍ਰਾਪਤ ਹੋਈ ਹੈ। ਅਸੀਂ ਆਪਣੀ ਸੰਸਥਾ ਵੱਲੋਂ ਦੋਹਾਂ ਸੰਸਥਾਵਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਅਸੀਂ ਇਸ ਇਹ ਗ੍ਰੰਥ ਆਚਾਰਿਆ ਸ੍ਰੀ ਮਹਾਪ੍ਰਗਿਆ ਜੀ ਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਧਾਰਨ ਤੇ ਉਹਨਾਂ ਨੂੰ ਸਮਰਪਿਤ ਕਰ ਰਹੇ ਹਾਂ।

ਮਿਤੀ : 31-03-2006 ਅਨੁਵਾਦਕ

ਜੈਨ ਭਵਨ, ਪੁਰਸ਼ੋਤਮ ਜੈਨ, ਰਵਿੰਦਰ ਜੈਨ।
ਮਹਾਵੀਰ ਸਟਰੀਟ,
ਮਾਲੇਰਕੋਟਲਾ